## ਇਮੀਗ੍ਰੇਸ਼ਨ ਸੰਬੰਧੀ ਮਸਲੇ

- ਆਮ ਤੌਰ 'ਤੇ ਸਿਟੀਜਨਾਂ ਅਤੇ ਕਾਨੂੰਨੀ ਦਰਜਾ ਪ੍ਰਾਪਤ ਪ੍ਰਵਾਸੀਆਂ ਨੂੰ ਕਾਨੂੰਨ ਲਾਗੂ ਕਰਵਾਉਣ ਵਾਲੇ ਅਫ਼ਸਰਾਂ ਨੂੰ ਇਨ੍ਹਾਂ ਸਵਾਲਾਂ ਦੇ ਜੁਆਬ ਦੇਣ ਦੀ ਲੋੜ ਨਹੀਂ ਹੁੰਦੀ, ਜਿਵੇਂ ਤੁਹਾਡਾ ਜਨਮ ਕਿੱਥੇ ਹੋਇਆ, ਕੀ ਤੁਸੀਂ ਅਮਰੀਕਾ ਦੇ ਸਿਟੀਜਨ/ਨਾਗਰਿਕ ਹੋ ਜਾਂ ਤੁਸੀਂ ਦੇਸ਼ ਵਿੱਚ ਦਾਖ਼ਲ ਕਿਵੇਂ ਹੋਏ।
- ਇਸ ਗੱਲ ਤੋਂ ਇਲਾਵਾ, **ਤੁਹਾਡਾ ਇਮੀਗ੍ਰੇਸ਼ਨ ਸਟੇਟਸ ਪੁੱਛਣ ਵਾਲੇ ਕਾਨੂੰਨ ਲਾਗੂ ਕਰਵਾਉਣ ਵਾਲੇ ਅਫ਼ਸਰ ਨਾਲ ਗੱਲ ਛੇਤੀ ਤੋਂ ਛੇਤੀ ਖ਼ਤਮ ਕਰਨ ਦਾ ਤਰੀਕਾ ਹੈ ਕਿ ਉਸ ਨੂੰ ਆਪਣਾ ਅਮਰੀਕਾ ਦਾ ਪਾਸਪੋਰਟ, ਗਰੀਨ ਕਾਰਡ, ਵਰਕ ਪਰਮਿਟ ਜਾਂ ਕੋਈ ਹੋਰ ਸਰਕਾਰੀ ਇਮੀਗ੍ਰੇਸ਼ਨ ਦਸਤਾਵੇਜ਼ ਦਿਖਾ ਦਿਉ।**
- ਜੇ ਇਮੀਗ੍ਰੇਸ਼ਨ ਸਟੇਟਸ ਜਾਂ ਅਮਰੀਕਾ ਵਿੱਚ ਕੰਮ ਕਰਨ ਸੰਬੰਧੀ ਤੁਹਾਡੀ ਕੋਈ ਸਮੱਸਿਆ ਹੈ ਤਾਂ ਜਲਦੀ ਤੋਂ ਜਲਦੀ ਕਿਸੇ ਇਮੀਗ੍ਰੇਸ਼ਨ ਵਾਲੇ ਵਕੀਲ ਨਾਲ ਸੰਪਰਕ ਕਰੋ।
- ਤੁਹਾਨੂੰ ਕਿਸੇ ਹੋਰ ਦੇ ਇਮੀਗ੍ਰੇਸ਼ਨ ਸਟੇਟਸ ਬਾਰੇ ਕਦੇ ਵੀ ਬੋਲਣ ਦੀ ਲੋੜ ਨਹੀਂ ਹੈ (ਉਦਾਹਰਣ ਲਈ ਜੇ ਅਫ਼ਸਰ ਤੁਹਾਨੂੰ ਪੁੱਛੇ ਕਿ ਕੀ ਤੁਸੀਂ ਆਪਣੀ ਕੰਪਨੀ ਵਿੱਚ ਅਜਿਹੇ ਕਿਸੇ ਵਿਅਕਤੀ ਨੂੰ ਜਾਣਦੇ ਹੋ ਜੋ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਿਹਾ ਹੋਵੇ)।
- ਇਮੀਗ੍ਰੇਸ਼ਨ ਸੰਬੰਧੀ ਜਾਣਕਾਰੀ ਦੇਣ ਵਾਲੇ ਸਿੱਖ ਕੋਲੀਸ਼ਨ ਦੇ ਸਾਰੇ ਸਾਧਨ ਤੁਸੀਂ ਇੱਥੇ ਦੇਖ ਸਕਦੇ ਹੋ thesikh.co/immigration

## ਧਾਰਮਿਕ ਸਹਿਯੋਗ ਅਤੇ ਹੋਰ ਵਿਤਕਰੇ

- ਧਾਰਮਿਕ ਸਹਿਯੋਗ ਦਾ ਅਸੂਲ ਤੁਹਾਨੂੰ ਆਪਣੀ ਨੌਕਰੀ ਉੱਤੇ ਆਪਣੇ ਧਾਰਮਿਕ ਚਿੰਨ੍ਹ ਰੱਖਣ ਦੀ ਆਗਿਆ ਦਿੰਦਾ ਹੈ।
    - ਜੇ ਤੁਹਾਡੇ ਕੰਮਕਾਜ ਵਾਲੀ ਕੰਪਨੀ ਦਾ ਮਾਲਕ/ਮੈਨੇਜਰ ਤੁਹਾਨੂੰ ਡਰੱਗ ਟੈਸਟ ਲਈ ਕੇਸਾਂ ਦਾ ਸੈਂਪਲ ਦੇਣ ਲਈ ਕਹਿੰਦਾ ਹੈ ਤਾਂ ਤੁਸੀਂ ਧਾਰਮਿਕ ਸਹਿਯੋਗ ਦੇ ਅਸੂਲ ਦਾ ਹੱਕ ਮੰਗ ਸਕਦੇ ਹੋ।
    - ਜੇਕਰ ਤੁਹਾਡੇ ਕੰਮਕਾਜ ਵਾਲੀ ਕੰਪਨੀ ਦਾ ਮਾਲਕ/ਮੈਨੇਜਰ ਤੁਹਾਨੂੰ ਪੱਗ ਦੇ ਉੱਤੇ ਜਾਂ ਪੱਗ ਤੋਂ ਬਿਨਾਂ ਸਿਰ ਉੱਤੇ ਅਜਿਹਾ ਕੁਝ ਪਾਉਣ ਲਈ ਕਹਿੰਦਾ ਹੈ ਜਿਸ ਦੀ ਵਰਤੋਂ ਸੁਰੱਖਿਆ ਲਈ ਨਹੀਂ ਕੀਤੀ ਜਾਂਦੀ ਤਾਂ ਤੁਸੀਂ ਧਾਰਮਿਕ ਸਹਿਯੋਗ ਲਈ ਬੇਨਤੀ ਕਰ ਸਕਦੇ ਹੋ।
    - ਜੇ ਤੁਹਾਡੀ ਕੰਪਨੀ ਵੱਲੋਂ ਤੁਹਾਡੇ ਵੱਲੋਂ ਧਾਰਮਿਕ ਸਹਿਯੋਗ ਦੇਣ ਲਈ ਕੀਤੀ ਗਈ ਬੇਨਤੀ ਨੂੰ ਪ੍ਰਵਾਨ ਨਹੀਂ ਕੀਤਾ ਜਾਂਦਾ ਜਾਂ ਤੁਹਾਨੂੰ ਰਸਮੀ ਬੇਨਤੀ ਦਾਖ਼ਲ ਕਰਨ ਲਈ ਮਦਦ ਚਾਹੀਦੀ ਹੈ ਤਾਂ ਤੁਸੀਂ ਸਿੱਖ ਕੋਲੀਸ਼ਨ ਨਾਲ ਸੰਪਰਕ ਕਰੋ।
- ਜੇ ਤੁਸੀਂ ਪੱਗ ਬੰਨ੍ਹਦੇ ਹੋ ਪਰ ਤੁਹਾਡੇ ਕੰਮਕਾਜ ਵਾਲੀ ਜਗ੍ਹਾ ਦਾ ਮਾਲਕ/ਮੈਨੇਜਰ ਤੁਹਾਨੂੰ ਸਖ਼ਤ ਟੋਪੀ ਪਾਉਣ ਲਈ ਕਹਿੰਦਾ ਹੈ ਤਾਂ ਕਾਨੂੰਨੀ ਸਲਾਹ ਵਾਸਤੇ ਸਿੱਖ ਕੋਲੀਸ਼ਨ ਨਾਲ ਸੰਪਰਕ ਕਰੋ।
- ਪੁਲਿਸ ਨੂੰ ਸਿੱਖਾਂ ਨੂੰ ਕਿਰਪਾਨ/ਗਾਤਰਾ ਪਾਉਣ ਕਰਕੇ ਗ੍ਰਿਫ਼ਤਾਰ ਨਹੀਂ ਕਰਨਾ ਚਾਹੀਦਾ ਅਤੇ ਤੁਹਾਡੀ ਕੰਮਕਾਜ ਵਾਲੀ ਕੰਪਨੀ ਦੇ ਮਾਲਕ/ਮੈਨੇਜਰ ਜਾਂ ਗਾਹਕ ਨੂੰ ਕਿਰਪਾਨ/ਗਾਤਰਾ ਪਾਏ ਹੋਣ ਕਰਕੇ ਤੁਹਾਨੂੰ ਟਰੱਕ ਵਿੱਚ ਸਮਾਨ ਚੜ੍ਹਾਉਣ ਜਾਂ ਉਤਾਰਨ ਤੋਂ ਮਨ੍ਹਾਂ ਨਹੀਂ ਕਰਨਾ ਚਾਹੀਦਾ।
- ਜੇ ਕੋਈ ਦਲਾਲ ਇਸ ਤਰ੍ਹਾਂ ਦੀ ਪੋਸਟ ਪਾਉਂਦਾ ਹੈ ਕਿ ਸਿੰਘ, ਪੰਜਾਬੀ ਜਾਂ ਸਿੱਖ ਲੋਡ ਨਹੀਂ ਚੱਕ ਸਕਦੇ ਜਾਂ ਤੁਸੀਂ ਕਿਤੇ ਲੋਡ ਚੁੱਕਣ ਜਾਂਦੇ ਹੋ ਪਰ ਤੁਹਾਡੇ ਨਾਮ, ਦਿੱਖ ਜਾਂ ਸਿੱਖ ਪਛਾਣ ਨਾਲ ਸੰਬੰਧਤ ਕਿਸੇ ਹੋਰ ਵਜ੍ਹਾ ਕਰਕੇ ਤੁਹਾਨੂੰ ਮਨ੍ਹਾਂ ਕਰ ਦਿੱਤਾ ਜਾਂਦਾ ਹੈ ਤਾਂ ਸਿੱਖ ਕੋਲੀਸ਼ਨ ਨਾਲ ਸੰਪਰਕ ਕਰੋ।

ਇਹ ਜਾਣਕਾਰੀ ਕਾਨੂੰਨੀ ਸਲਾਹ ਨਹੀਂ ਹੈ। ਜੇ ਤੁਸੀਂ ਆਪਣੀ ਸਿੱਖ ਪਛਾਣ ਕਰਕੇ ਵਿਤਕਰੇ ਦਾ ਸਾਹਮਣਾ ਕਰ ਰਹੇ ਹੋ ਜਾਂ ਹੋਰ ਕਿਸੇ ਕਾਰਨ ਤੁਹਾਨੂੰ ਸਿੱਖ ਕੋਲੀਸ਼ਨ ਦੀ ਮਦਦ ਦੀ ਲੋੜ ਹੈ ਤਾਂ ਇਸ ਪੰਨੇ ਨੂੰ ਵੇਖੋ ਜੋ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਹੈ: *sikhcoalition.org/legal-help*

bitly

THE SIKHCOALITION

THE SIKHCOALITION



# ਟਰੱਕ ਡਰਾਈਵਰਾਂ ਦੇ ਹੱਕ

## ਗ਼ੈਰ-ਨਿਵਾਸੀ ਵਪਾਰਕ ਡਰਾਇਵਿੰਗ ਲਾਇਸੰਸਾਂ ਸੰਬੰਧੀ ਨਵੇਂ ਨਿਯਮ

**ਸਤੰਬਰ 2025 'ਚ ਟਰੰਪ ਪ੍ਰਸ਼ਾਸਨ ਨੇ ਇੱਕ ਨਵਾਂ ਨਿਯਮ ਲਾਗੂ ਕੀਤਾ ਜਿਸ ਕਾਰਨ 200,000 ਡਰਾਇਵਰਾਂ ਤੋਂ ਉਹਨਾਂ ਦੇ ਗ਼ੈਰ-ਨਿਵਾਸੀਆਂ ਦੇ ਵਪਾਰਕ (ਕਮਰਸ਼ੀਅਲ) ਡਰਾਇਵਿੰਗ ਲਾਇਸੰਸ (ਸੀਡੀਐਲ) ਜਾਂ ਕਮਰਸ਼ੀਅਲ ਲਰਨਰਜ਼ ਪਰਮਿਟ (ਸੀਐਲਪੀ) ਉਹਨਾਂ ਦੇ ਇਮੀਗ੍ਰੇਸ਼ਨ ਸਟੇਟਸ ਕਾਰਨ ਵਾਪਿਸ ਲਏ ਗਏ।**

### ਨਵੇਂ ਨਿਯਮਾਂ ਅਨੁਸਾਰ ਸੀਡੀਐਲ ਜਾਂ ਸੀਐਲਪੀ ਕਿਸ ਨੂੰ ਮਿਲ ਸਕਦਾ ਹੈ?

29 ਸਤੰਬਰ 2025 ਤੋਂ ਸੂਬਾ ਸਰਕਾਰ ਉਸੇ ਡਰਾਇਵਰ ਦਾ ਨਵਾਂ ਗ਼ੈਰ-ਨਿਵਾਸੀ ਸੀਡੀਐਲ ਜਾਂ ਸੀਐਲਪੀ ਬਣਾਏਗੀ ਜਾਂ ਰਿਨੀਊ ਕਰੇਗੀ ਜਿਸ ਕੋਲ ਐਚ-2ਏ, ਐਚ-2ਬੀ ਜਾਂ ਈ-2 ਵੀਜ਼ਾ ਹੋਵੇ। ਜਿਨ੍ਹਾਂ ਡਰਾਈਵਰਾਂ ਕੋਲ ਇਹ ਵੀਜ਼ੇ ਨਹੀਂ ਹਨ, ਉਨ੍ਹਾਂ ਲਈ ਕੋਈ ਵੀ ਸੀਡੀਐਲ ਜਾਂ ਸੀਪੀਐਲ ਰਿਨੀਊ ਜਾਂ ਜਾਰੀ ਨਹੀਂ ਕੀਤੇ ਜਾਣਗੇ, ਜਿਸ ਵਿੱਚ ਸ਼ਾਮਲ ਹਨ: ਜਿਨ੍ਹਾਂ ਨੂੰ ਡੀਏਸੀਏ ਮਿਲਦਾ ਹੈ; ਜਿਨ੍ਹਾਂ ਕੋਲ ਟੈਮਪਰੇਰੀ ਪ੍ਰੋਟੈਕਟਡ ਸਟੇਟਸ ਹੈ; ਰਿਫ਼ਿਊਜੀ; ਜਿਨ੍ਹਾਂ ਨੇ ਅਸਾਈਲਮ ਦੀ ਅਰਜ਼ੀ ਦਿੱਤੀ ਹੋਈ ਹੈ; ਅਤੇ ਜੁਰਮ ਜਾਂ ਮਨੁੱਖੀ ਤਸਕਰੀ ਦੇ ਪੀੜਤ ਯੂ ਜਾਂ ਟੀ ਵੀਜ਼ਾ ਵਾਲੇ ਲੋਕ; ਡੈਫ਼ਰਡ ਐਕਸ਼ਨ; ਜਾਂ ਮਾਨਵੀ ਆਧਾਰ 'ਤੇ ਪੈਰੋਲ ਹਾਸਲ ਕਰ ਚੁੱਕੇ ਲੋਕ।

### ਜੇ ਮੇਰੇ ਕੋਲ ਵਾਜਿਬ ਗ਼ੈਰ-ਨਿਵਾਸੀ ਸੀਡੀਐਲ ਜਾਂ ਸੀਪੀਐਲ ਹੈ ਤਾਂ ਕੀ ਮੈਂ ਹੁਣ ਵੀ ਕਮਰਸ਼ੀਅਲ ਗੱਡੀ ਚਲਾ ਸਕਦਾ ਹਾਂ?

ਹਾਂ, ਇਹ ਨਿਯਮ ਤੁਹਾਡੇ ਡਰਾਇਵਰ ਲਾਇਸੰਸ ਜਾਂ ਲਰਨਰਜ਼ ਪਰਮਿਟ ਨੂੰ ਤੁਰੰਤ ਰੱਦ ਨਹੀਂ ਕਰਦਾ। ਆਪਣਾ ਗੇੜਾ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਆਪਣੇ ਲਾਇਸੰਸ ਦੀ ਵੈਲਿਡਟੀ ਦੇਖ ਲੈਣੀ ਚਾਹੀਦੀ ਹੈ। ਹਰ ਸੂਬੇ ਦੇ ਅਨੁਸਾਰ ਤੁਸੀਂ ਆਪਣੇ ਲਾਇਸੰਸ ਦਾ ਸਟੇਟਸ ਆਨਲਾਈਨ ਵੇਖ ਸਕਦੇ ਹੋਵੋਗੇ। ਤੁਹਾਨੂੰ ਇਹ ਯਕੀਨੀ ਬਣਾ ਲੈਣਾ ਚਾਹੀਦਾ ਹੈ ਕਿ ਜਿਸ ਏਜੰਸੀ ਨੇ ਤੁਹਾਡਾ ਸੀਡੀਐਲ ਜਾਂ ਸੀਐਲਪੀ ਜਾਰੀ ਕੀਤਾ ਹੈ ਉਸ ਕੋਲ ਤੁਹਾਡਾ ਚਿੱਠੀ-ਪੱਤਰੀ ਦਾ ਸਹੀ ਪਤਾ ਹੋਵੇ ਜਿੱਥੇ ਤੁਹਾਨੂੰ ਚਿੱਠੀ ਮਿਲ ਸਕੇ।

### ਜੇ ਮੇਰੇ ਗ਼ੈਰ-ਨਿਵਾਸੀ ਸੀਡੀਐਲ ਜਾਂ ਸੀਐਲਪੀ ਦੀ ਮਿਆਦ ਜਲਦੀ ਖ਼ਤਮ ਹੋਣ ਵਾਲੀ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਡੇ ਕੋਲ ਗ਼ੈਰ-ਨਿਵਾਸੀ ਸੀਡੀਐਲ ਜਾਂ ਸੀਐਲਪੀ ਹੈ ਅਤੇ ਤੁਹਾਡੇ ਕੋਲ ਐਚ-2ਏ, ਐਚ-2ਬੀ ਜਾਂ ਈ-2 ਵੀਜ਼ਾ ਨਹੀਂ ਹੈ ਤਾਂ ਅਸੀਂ ਤੁਹਾਨੂੰ ਆਪਣਾ ਲਾਇਸੰਸ ਰਿਨੀਊ ਕਰਵਾਉਣ ਵਾਸਤੇ ਅਰਜ਼ੀ ਦੇਣ ਦੀ ਸਲਾਹ ਨਹੀਂ ਦੇਵਾਂਗੇ। ਸਿਟੀਜ਼ਨਸ਼ਿਪ ਦਾ ਗ਼ਲਤ ਦਾਅਵਾ ਕਰਨ ਜਾਂ ਇਮੀਗ੍ਰੇਸ਼ਨ ਦੇ ਨਕਲੀ ਦਸਤਾਵੇਜ਼ ਪੇਸ਼ ਕਰਨ ਨਾਲ, ਗੰਭੀਰ ਅਪਰਾਧਕ, ਇਮੀਗ੍ਰੇਸ਼ਨ ਅਤੇ ਹੋਰ ਸਿਵਿਲ ਕਾਨੂੰਨੀ ਮਸਲੇ ਪੈਦਾ ਹੋ ਸਕਦੇ ਹਨ।

### ਜੇ ਮੈਨੂੰ ਪਤਾ ਲੱਗੇ ਕਿ ਮੇਰਾ ਸੀਡੀਐਲ ਜਾਂ ਸੀਐਲਪੀ ਡਾਊਨਗ੍ਰੇਡ ਕਰ ਦਿੱਤਾ ਗਇਆ ਅਤੇ ਮੈਂ ਸੜਕ 'ਤੇ ਨਹੀਂ ਹਾਂ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਨੂੰ ਇਹ ਨੋਟਿਸ ਮਿਲੇ ਕਿ ਤੁਹਾਡਾ ਗ਼ੈਰ-ਨਿਵਾਸੀ ਸੀਡੀਐਲ ਜਾਂ ਸੀਐਲਪੀ ਡਾਊਨਗ੍ਰੇਡ ਜਾਂ ਰੱਦ ਕਰ ਦਿੱਤਾ ਗਿਆ ਹੈ ਤਾਂ ਨੋਟਿਸ ਧਿਆਨ ਨਾਲ ਪੜ੍ਹੋ। ਇਸ ਵਿੱਚ ਫ਼ੈਸਲੇ ਬਾਰੇ ਅਪੀਲ ਕਰਨ ਦਾ ਮੌਕਾ ਹੋ ਸਕਦਾ ਹੈ ਅਤੇ ਨੋਟਿਸ ਵਿੱਚ ਤੁਹਾਨੂੰ ਦੱਸਿਆ ਹੋਵੇਗਾ ਕਿ ਅਪੀਲ ਦੌਰਾਨ ਤੁਹਾਡਾ ਸੀਡੀਐਲ ਜਾਂ ਸੀਐਲਪੀ ਵੈਲਿਡ ਰਹੇਗਾ ਜਾਂ ਨਹੀਂ। ਇਹ ਪਤਾ ਹੁੰਦਿਆਂ ਵੀ ਕਿ ਤੁਹਾਡੇ ਕੋਲ ਵੈਲਿਡ ਸੀਡੀਐਲ ਜਾਂ ਸੀਐਲਪੀ ਨਹੀਂ ਹੈ, ਕੋਈ ਵੀ ਕਮਰਸ਼ੀਅਲ ਗੱਡੀ ਚਲਾਉਣ ਦੇ ਗੰਭੀਰ ਸਿਵਿਲ ਤੇ ਅਪਰਾਧਕ ਕਾਨੂੰਨੀ ਨਤੀਜੇ ਨਿਕਲ ਸਕਦੇ ਹਨ।

## ਜੇਕਰ ਪੁਲਿਸ ਰੋਕਦੀ ਹੈ

- ਤੁਸੀਂ ਕਿੱਥੇ ਜਾ ਰਹੇ ਹੋ, ਤੁਸੀਂ ਕਿੱਥੋਂ ਆ ਰਹੇ ਹੋ, ਤੁਸੀਂ ਕੀ ਕਰ ਰਹੇ ਹੋ ਜਾਂ ਤੁਸੀਂ ਕਿੱਥੇ ਰਹਿੰਦੇ ਹੋ ਆਦਿ ਵਰਗੇ ਸਵਾਲਾਂ ਦੇ ਜੁਆਬ ਦੇਣੇ ਲਾਜ਼ਮੀ ਨਹੀਂ ਹਨ, ਹਾਲਾਂਕਿ ਜੁਆਬ ਨਾ ਦੇਣ ਕਰਕੇ ਅਫ਼ਸਰ ਦੇ ਮਨ ਵਿੱਚ ਸ਼ੱਕ ਪੈਦਾ ਹੋ ਸਕਦਾ ਹੈ ਅਤੇ ਇਸ ਲਈ ਤੁਹਾਨੂੰ ਜ਼ਿਆਦਾ ਸਮੇਂ ਲਈ ਰੁਕਣਾ ਪੈ ਸਕਦਾ ਹੈ ।
- ਧਿਆਨ ਰੱਖੋ ਕਿ ਅਧਿਕਾਰੀ ਤੁਹਾਨੂੰ ਕੁਝ ਪ੍ਰਸ਼ਨਾਂ ਦੇ ਜਵਾਬ ਦੇਣ ਲਈ ਕਹਿ ਸਕਦੇ ਹਨ:
  - ਕੁਝ ਸੂਬਿਆਂ ਵਿੱਚ ਜੇ ਤੁਹਾਡੀ ਪਛਾਣ ਪੁੱਛੀ ਜਾਵੇ ਤਾਂ ਤੁਹਾਨੂੰ ਆਪਣਾ ਨਾਮ ਦੱਸਣਾ ਪੈ ਸਕਦਾ ਹੈ ਅਤੇ ਜੇ ਤੁਸੀਂ ਆਪਣਾ ਨਾਮ ਦੱਸਣ ਤੋਂ ਮਨ੍ਹਾਂ ਕਰਦੇ ਹੋ ਤਾਂ ਅਫ਼ਸਰ ਤੁਹਾਨੂੰ ਗ੍ਰਿਫ਼ਤਾਰ ਕਰ ਸਕਦਾ ਹੈ।
  - ਤੁਹਾਨੂੰ ਤੁਹਾਡਾ ਲਾਇਸੰਸ, (ਗੱਡੀ ਦੀ) ਰਜਿਸਟ੍ਰੇਸ਼ਨ ਅਤੇ ਬੀਮੇ ਦਾ ਸਬੂਤ ਦੇਣ ਲਈ ਕਿਹਾ ਜਾ ਸਕਦਾ ਹੈ। ਤੁਹਾਨੂੰ ਇਹ ਦਸਤਾਵੇਜ਼ ਦਿਖਾਉਣੇ ਚਾਹੀਦੇ ਹਨ।
- ਸੜਕ 'ਤੇ ਆਉਂਦੇ-ਜਾਂਦੇ ਸਮੇਂ ਜੇ ਰੋਕਣ ਤੋਂ ਬਾਅਦ ਤੁਹਾਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਤੁਸੀਂ ਉਸੇ ਵੇਲੇ ਅਫ਼ਸਰ ਨੂੰ ਦੱਸ ਦਿਉ ਕਿ ਤੁਸੀਂ ਚੁੱਪ ਰਹਿਣਾ ਚਾਹੁੰਦੇ ਅਤੇ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ। ਆਪਣੇ ਵਕੀਲ ਤੋਂ ਬਿਨਾਂ ਕਿਸੇ ਵੀ ਅਫ਼ਸਰ ਨਾਲ ਕੋਈ ਗੱਲ ਨਾ ਕਰੋ।

## ਜੇ ਤੁਹਾਨੂੰ ਰੋਕਿਆ ਜਾਵੇ ਅਤੇ ਤੁਹਾਨੂੰ ਦੱਸਿਆ ਜਾਂਦਾ ਹੈ ਕਿ ਤੁਹਾਡਾ ਸੀਡੀਐਲ ਜਾਂ ਸੀਐਲਪੀ ਰੱਦ ਕਰ ਦਿੱਤਾ ਗਿਆ ਹੈ

1. ਸ਼ਾਂਤ ਰਹੋ
2. ਤੁਹਾਡੇ ਕੋਲ ਚੁੱਪ ਰਹਿਣ ਦਾ ਹੱਕ ਹੈ। ਤੁਹਾਡਾ ਆਪਣੇ ਇਮੀਗ੍ਰੇਸ਼ਨ ਸਟੇਟਸ ਜਾਂ ਆਪਣੇ ਮੂਲ ਦੇਸ਼ ਬਾਰੇ ਸਵਾਲਾਂ ਦੇ ਜਵਾਬ ਦੇਣਾ ਲਾਜ਼ਮੀ ਨਹੀਂ ਹੈ।
3. ਤੁਹਾਨੂੰ ਰੋਕਣ ਵਾਲੇ ਅਫ਼ਸਰ ਦਾ ਨਾਮ, ਬੈਜ ਨੰਬਰ ਅਤੇ ਏਜੰਸੀ ਪਤਾ ਕਰਨ ਦੀ ਕੋਸ਼ਿਸ਼ ਕਰੋ।
4. ਰੋਕਣ ਦੇ ਮੌਕੇ ਨਾਲ ਹੋਰ ਸੰਬੰਧਤ ਗੱਲਾਂ ਲਿਖ ਲਵੋ ਜਾਂ ਵਾਇਸ ਨੋਟ ਰਿਕਾਰਡ ਕਰੋ ਜਿਵੇਂ ਰੋਕੇ ਜਾਣ ਵਾਲੀ ਜਗ੍ਹਾ, ਗੱਡੀ ਚਲਾਉਣ ਦੇ ਹਾਲਾਤ ਅਤੇ ਹੋਰ ਕੋਈ ਡਰਾਇਵਰ ਜਿਸ ਨੂੰ ਰੋਕਿਆ ਗਿਆ ਹੋਵੇ।
5. ਮੱਦਦ ਲਈ ਸਿੱਖ ਕੋਲੀਸ਼ਨ ਨੂੰ ਸੰਪਰਕ ਕਰੋ।

ਜੇ ਤੁਹਾਡੇ ਸੀਡੀਐਲ ਜਾਂ ਸੀਐਲਪੀ ਰੱਦ ਕੀਤੇ ਜਾਣ ਦਾ ਨੋਟਿਸ ਤੁਹਾਨੂੰ ਪਹਿਲਾਂ ਨਹੀਂ ਮਿਲਿਆ ਤਾਂ ਕਮਰਸ਼ੀਅਲ ਗੱਡੀ ਚਲਾਉਣ ਵਾਸਤੇ ਉਸ ਮੌਕੇ ਤੱਕ ਤੁਹਾਨੂੰ ਕੋਈ ਜੁਰਮਾਨਾ ਨਹੀਂ ਕੀਤਾ ਜਾਣਾ ਚਾਹੀਦਾ। ਹਾਲਾਂਕਿ, ਰਸਤੇ ਵਿੱਚ ਰੋਕੇ ਜਾਣ ਸਮੇਂ, ਅਫ਼ਸਰ ਤੁਹਾਨੂੰ ਸੂਚਨਾ ਦੇ ਸਕਦਾ ਹੈ ਕਿ ਤੁਸੀਂ ਹੁਣ ਕਮਰਸ਼ੀਅਲ ਗੱਡੀ ਨਹੀਂ ਚਲਾ ਸਕਦੇ। ਅਜਿਹੀ ਹਾਲਤ ਵਿੱਚ ਤੁਹਾਡੀ ਗੱਡੀ ਅਤੇ ਲੱਦਿਆ ਹੋਇਆ ਮਾਲ ਜ਼ਬਤ ਕੀਤਾ ਜਾ ਸਕਦਾ ਹੈ ਅਤੇ ਤੁਹਾਨੂੰ ਘਰ ਜਾਣ ਵਾਸਤੇ ਬਦਲਵਾਂ ਪ੍ਰਬੰਧ ਕਰਨਾ ਪੈ ਸਕਦਾ ਹੈ।

## ਅੰਗਰੇਜ਼ੀ ਭਾਸ਼ਾ ਬਾਰੇ ਨਵਾਂ ਨਿਯਮ

**ਰਾਸ਼ਟਰਪਤੀ ਟਰੰਪ ਵੱਲੋਂ ਅਪ੍ਰੈਲ 2025 ਵਿੱਚ ਕਾਰਜਕਾਰੀ ਹੁਕਮ ਉੱਤੇ ਦਸਤਖ਼ਤ ਕਰਨ ਕਰਕੇ ਹੁਣ ਜਿਹੜੇ ਟਰੱਕ ਡਰਾਇਵਰ ਸੜਕ ਉੱਤੇ ਹੋਣ ਵਾਲੀ ਪੁੱਛ-ਗਿੱਛ ਦੌਰਾਨ ਚੰਗੀ ਤਰ੍ਹਾਂ ਅੰਗਰੇਜ਼ੀ ਵਿੱਚ ਗੱਲਬਾਤ ਨਹੀਂ ਕਰ ਸਕਣਗੇ ਤਾਂ ਉਨ੍ਹਾਂ ਨੂੰ ਪਹਿਲਾਂ ਨਾਲੋਂ ਵੀ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਇਸ ਨਵੇਂ ਨਿਯਮ ਦੇ ਦਿਸ਼ਾ-ਨਿਰਦੇਸ਼ ਬਿਲਕੁਲ ਨਵੇਂ ਹਨ, ਜੋ ਸੰਨ 2025 ਦੇ ਮਈ ਮਹੀਨੇ ਵਿੱਚ ਹੀ ਸਾਹਮਣੇ ਆਏ ਹਨ, ਇਸ ਲਈ ਸਾਨੂੰ ਨਹੀਂ ਪਤਾ ਕਿ ਇਨ੍ਹਾਂ ਨੂੰ ਕਿੰਨੀ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ।**

- ਨਵੇਂ ਨਿਯਮਾਂ ਮੁਤਾਬਿਕ ਸੜਕ ਵਾਲੇ ਇੰਸਪੈਕਟਰ ਤੁਹਾਡੀ ਅੰਗਰੇਜ਼ੀ ਬੋਲਣ ਦੀ ਕਾਬਲੀਅਤ ਦੀ ਪਰਖ ਕਰ ਸਕਦੇ ਹਨ ਜਿਸ ਨੂੰ "ਇੰਗਲਿਸ਼ ਲੈਂਗੁਏਜ ਪ੍ਰੋਫ਼ਿਸ਼ੈਂਸੀ" ਜਾਂ "ਈਐਲਪੀ ਅਸੈਸਮੈਂਟ" ਕਿਹਾ ਜਾਂਦਾ ਹੈ।
  - ਸਾਨੂੰ ਨਹੀਂ ਪਤਾ ਕਿ ਇਸ ਟੈਸਟ ਵਿੱਚ ਕੀ ਹੋਵੇਗਾ ਪਰ ਇਸ ਵਿੱਚ ਬੋਲਣ ਦੀ ਸਮਰੱਥਾ ਵਾਲਾ ਇੰਟਰਵਿਊ ਅਤੇ ਹਾਈਵੇਅ ਉੱਤੇ ਲੱਗੇ ਟਰੈਫ਼ਿਕ ਚਿੰਨ੍ਹਾਂ ਦੀ ਪਛਾਣ ਕਰਨਾ ਸ਼ਾਮਲ ਹੈ।
  - ਇਕ ਗੱਲ ਦਾ ਧਿਆਨ ਰੱਖੋ ਕਿ ਇਸ ਟੈਸਟ ਵਾਸਤੇ ਤੁਹਾਨੂੰ ਕਿਸੇ ਵੀ ਸੰਦ (ਇੰਟਰਪ੍ਰੇਟਰ, ਆਈ-ਸਪੀਕ ਕਾਰਡ, ਕਯੂ ਕਾਰਡ, ਸਮਾਰਟ ਫ਼ੋਨ ਐਪ/ਐਪਲੀਕੇਸ਼ਨ ਜਾਂ ਫ਼ੋਨ ਰਾਹੀਂ ਇੰਟਰਪ੍ਰੇਟੇਸ਼ਨ ਸਰਵਿਸ) ਤੋਂ ਮਦਦ ਲੈਣ ਦਾ ਹੱਕ ਨਹੀਂ ਮਿਲੇਗਾ।
- ਨਵੇਂ ਨਿਯਮ ਮੁਤਾਬਿਕ ਜੇ ਇੰਸਪੈਕਟਰ ਨੂੰ ਲਗਦਾ ਹੈ ਕਿ ਤੁਸੀਂ ਟੈਸਟ ਮੁਤਾਬਿਕ ਚੰਗੀ ਤਰ੍ਹਾਂ ਅੰਗਰੇਜ਼ੀ ਨਹੀਂ ਬੋਲ ਸਕਦੇ ਤਾਂ ਉਹ ਤੁਹਾਨੂੰ "ਆਊਟ ਆਫ਼ ਸਰਵਿਸਸ" ਦਾ ਹੁਕਮ ਦੇ ਸਕਦਾ ਹੈ। ਜੇ ਇੰਝ ਹੁੰਦਾ ਹੈ ਤਾਂ:
  - ਤੁਹਾਡਾ ਨਾਮ "49 ਸੀਐਫ਼ਆਰ § 391.11(ਬੀ)(2) ਦੀ ਉਲੰਘਣਾ" ਲਈ ਦਰਜ ਕੀਤਾ ਜਾਵੇਗਾ।
  - ਤੁਹਾਡਾ ਨਾਮ ਦਰਜ ਕਰਨ ਵਾਲੇ ਸੜਕ ਵਾਲੇ ਇੰਸਪੈਕਟਰ ਦੇ ਨਾਮ, ਟਾਈਟਲ ਅਤੇ ਸੰਪਰਕ ਨੰਬਰ ਦੀ ਜਾਣਕਾਰੀ ਲਵੋ।
  - ਉਸ ਤੋਂ ਬਾਅਦ **ਉਸ ਨਾਲ ਤੁਹਾਡੀ ਜੋ ਵੀ ਗੱਲਬਾਤ ਹੋਈ ਹੈ ਉਸ ਗੱਲਬਾਤ ਨੂੰ ਲਿਖ ਲਵੋ ਜਾਂ ਆਪਣੇ ਆਪ ਲਈ ਕਿਤੇ ਰਿਕਾਰਡ ਕਰ ਲਵੋ,** ਜਿਸ ਵਿੱਚ ਇਹ ਗੱਲਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ:
    - ਸੜਕ ਵਾਲੇ ਇੰਸਪੈਕਟਰ ਦਾ ਨਾਮ ਅਤੇ ਟਾਈਟਲ
    - ਇੰਸਪੈਕਟਰ ਨੇ ਤੁਹਾਡੀ ਪ੍ਰੀਖਿਆ ਕਦੋਂ ਅਤੇ ਕਿੱਥੇ ਲਈ
    - ਪ੍ਰੀਖਿਆ ਦੌਰਾਨ ਤੁਹਾਡੇ ਤੋਂ ਕੀ ਸੁਆਲ ਪੁੱਛੇ ਗਏ ਅਤੇ
    - ਗੱਲਬਾਤ ਦੌਰਾਨ ਕਿਸੇ ਵੀ ਮੌਕੇ ਤੁਹਾਡੀ ਪਛਾਣ ਨਾਲ ਸਬੰਧਤ ਕੋਈ ਟਿੱਪਣੀ ਕੀਤੀ ਗਈ ਹੋਵੇ ਜਾਂ ਸਵਾਲ ਪੁੱਛੇ ਗਏ ਹੋਣ (ਜਿਵੇਂ ਕਿ ਤੁਸੀਂ ਕਿੱਥੋਂ ਦੇ ਹੋ, ਤੁਹਾਡੀ ਚਮੜੀ ਦਾ ਰੰਗ, ਤੁਹਾਡੇ ਧਾਰਮਿਕ ਚਿੰਨ੍ਹ ਅਤੇ ਤੁਹਾਡੀ ਅੰਗਰੇਜ਼ੀ ਦੀ ਕਾਬਲੀਅਤ ਜਾਂ ਬੋਲਣ ਦਾ ਲਹਿਜਾ)
- ਇਸ ਜਾਣਕਾਰੀ ਸਮੇਤ ਸਿੱਖ ਕੋਲੀਸ਼ਨ ਨਾਲ ਸੰਪਰਕ ਕਰੋ।